City of Mississauga
300 City Centre Drive
Mississauga, ON L5B 3C1

mississauga.ca facebook.com/citymississauga x.com/citymississauga

# Mississauga ਦੀਆਂ 2026 ਦੀਆਂ ਮਿਊਨਿਸਿਪਲਟੀ ਚੋਣਾਂ ਲਈ ਚੋਣ ਵਰਕਰ ਬਣਨ ਵਾਸਤੇ ਅਰਜ਼ੀ ਦਿਓ

ਮਿਊਨਿਸਿਪਲਟੀ ਚੋਣਾਂ ਦੇ ਪ੍ਰਬੰਧ ਵਿੱਚ ਮਦਦ ਕਰੋ ਅਤੇ ਆਪਣੇ ਸ਼ਹਿਰ ਵਿੱਚ ਬਦਲਾਅ ਲਿਆਓ। ਤਨਖਾਹ ਵਾਲੇ ਚੋਣ ਵਰਕਰ ਦੀ ਭੂਮਿਕਾ ਲਈ ਹੁਣੇ ਅਰਜ਼ੀ ਦਿਓ।

13 ਜੁਲਾਈ, 2026




Mississauga ਸ਼ਹਿਰ, ਸੋਮਵਾਰ, 26 ਅਕਤੂਬਰ, 2026 ਨੂੰ ਹੋਣ ਵਾਲੀਆਂ 2026 ਦੀਆਂ ਮਿਊਨਿਸਿਪਲਟੀ ਚੋਣਾਂ ਲਈ ਚੋਣ ਵਰਕਰਾਂ (Election workers) ਦੀ ਭਰਤੀ ਕਰ ਰਿਹਾ ਹੈ, ਜਿਸ ਨਾਲ ਵਸਨੀਕਾਂ ਨੂੰ ਇੱਕ ਨਿਰਪੱਖ, ਪਹੁੰਚਯੋਗ ਅਤੇ ਭਰੋਸੇਯੋਗ ਵੋਟਿੰਗ ਪ੍ਰਕਿਰਿਆ ਦੀ ਹਿਮਾਇਤ ਕਰਨ ਵਿੱਚ ਸਿੱਧੀ ਭੂਮਿਕਾ ਨਿਭਾਉਣ ਦਾ ਮੌਕਾ ਮਿਲਦਾ ਹੈ। ਇਹ ਤਨਖਾਹ ਵਾਲੀਆਂ ਭੂਮਿਕਾਵਾਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੀਆਂ ਹਨ ਕਿ ਸ਼ਹਿਰ ਭਰ ਵਿੱਚ ਵੋਟਿੰਗ ਲੋਕੇਸ਼ਨ ਸੁਚਾਰੂ ਢੰਗ ਨਾਲ ਚੱਲਣ, ਤਾਂ ਜੋ ਹਰ ਯੋਗ ਵੋਟਰ ਆਪਣੀ ਆਵਾਜ਼ ਬੁਲੰਦ ਕਰ ਸਕੇ। ਇੱਕ ਚੋਣ ਵਰਕਰ ਵਜੋਂ ਕੰਮ ਕਰਨਾ, ਆਪਣੀ ਕਮਿਊਨਿਟੀ ਦੀ ਹਿਮਾਇਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ, ਜਿਸ ਨਾਲ ਲੋਕਤੰਤਰੀ ਪ੍ਰਕਿਰਿਆ ਵਿੱਚ ਵਿਹਾਰਕ ਤਜਰਬਾ ਵੀ ਹਾਸਲ ਹੁੰਦਾ ਹੈ।

City of Mississauga
300 City Centre Drive
Mississauga, ON L5B 3C1



## ਯੋਗਤਾ

ਮਿਊਨਿਸਿਪਲਟੀ ਚੋਣਾਂ ਵਿੱਚ ਕੰਮ ਕਰਨ ਲਈ, ਤੁਹਾਡੇ ਲਈ ਲਾਜ਼ਮੀ ਹੈ:

- ਘੱਟੋ-ਘੱਟ 16 ਸਾਲ ਦੇ ਹੋਵੋ
- ਕੈਨੇਡਾ ਵਿੱਚ ਕੰਮ ਕਰਨ ਦਾ ਕਾਨੂੰਨੀ ਅਧਿਕਾਰ ਰੱਖਦੇ ਹੋਵੋ
- ਤੁਹਾਡੇ ਕੋਲ ਇੱਕ ਨਿੱਜੀ ਈਮੇਲ ਪਤਾ ਹੋਵੇ, ਜੋ ਕਿਸੇ ਹੋਰ ਨਾਲ ਸਾਂਝਾ ਨਾ ਕੀਤਾ ਗਿਆ ਹੋਵੇ

## ਇਸ ਕੰਮ ਲਈ ਲੋੜੀਂਦਾ ਸਮਾਂ

ਚੋਣਾਂ ਵਾਲੇ ਦਿਨ (Election Day), ਤੁਹਾਨੂੰ ਸਵੇਰੇ 7:30 ਵਜੇ ਕੰਮ ਸ਼ੁਰੂ ਕਰਨਾ ਹੋਵੇਗਾ। ਤੁਹਾਡੀ ਸ਼ਿਫਟ ਰਾਤ 9 ਵਜੇ ਜਾਂ ਇਸ ਤੋਂ ਬਾਅਦ ਖਤਮ ਹੋਵੇਗੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਲੋਕੇਸ਼ਨ ਮੈਨੇਜਰ ਤੁਹਾਨੂੰ ਕਦੋਂ ਛੁੱਟੀ ਦਿੰਦਾ ਹੈ।

ਤੁਹਾਨੂੰ ਟ੍ਰੇਨਿੰਗ ਵਿੱਚ ਸ਼ਾਮਲ ਹੋਣਾ ਲਾਜ਼ਮੀ ਹੈ। ਕੁਝ ਭੂਮਿਕਾਵਾਂ ਵਿੱਚ ਵਾਧੂ ਜ਼ਿੰਮੇਵਾਰੀਆਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਸਪਲਾਈ ਜਾਂ ਉਪਕਰਨਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ। ਹਰੇਕ ਨੌਕਰੀ ਦੇ ਵੇਰਵੇ ਵਿੱਚ ਪੂਰੀ ਜਾਣਕਾਰੀ ਦਿੱਤੀ ਗਈ ਹੈ।

## ਟ੍ਰੇਨਿੰਗ

ਭੂਮਿਕਾ ਦੇ ਆਧਾਰ 'ਤੇ, ਚੋਣ ਵਰਕਰਾਂ ਨੂੰ ਤਿੰਨ ਘੰਟਿਆਂ ਤੱਕ ਦੀ ਟ੍ਰੇਨਿੰਗ ਪੂਰੀ ਕਰਨੀ ਹੋਵੇਗੀ। ਟ੍ਰੇਨਿੰਗ ਵਿਅਕਤੀਗਤ ਤੌਰ 'ਤੇ ਅਤੇ ਔਨਲਾਈਨ ਹੋ ਸਕਦੀ ਹੈ।

## ਉਪਲਬਧ ਅਹੁਦੇ

ਡਿਪਟੀ ਰਿਟਰਨਿੰਗ ਅਫਸਰ (Deputy Returning Officer)

- ਵੋਟਰ ਦੀ ਪਛਾਣ ਦੀ ਜਾਂਚ ਕਰਨਾ
- ਯੋਗ ਵੋਟਰਾਂ ਨੂੰ ਬੈਲਟ ਜਾਰੀ ਕਰਨਾ
- ਵੋਟਰ ਜਾਣਕਾਰੀ ਅੱਪਡੇਟ ਕਰਨਾ
- ਲੈਪਟਾਪ ਸੈੱਟਅੱਪ ਅਤੇ ਪੈਕਅੱਪ ਕਰਨ ਵਿੱਚ ਮਦਦ ਕਰਨਾ

ਓਪਰੇਟਰ (Operator)

- ਬੈਲਟਾਂ ਨੂੰ ਵੋਟ ਟੈਬੂਲੇਟਰ ਵਿੱਚ ਪਾਉਣਾ
- ਯਕੀਨੀ ਬਣਾਉਣਾ ਕਿ ਟੈਬੂਲੇਟਰ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ
- ਟੈਬੂਲੇਟਰ ਨੂੰ ਇੱਕ ਨਿਰਧਾਰਤ ਥਾਂ ਤੋਂ ਚੁੱਕਣਾ ਅਤੇ ਵਾਪਸ ਕਰਨਾ
- ਵੋਟਿੰਗ ਲੋਕੇਸ਼ਨ ਖੋਲ੍ਹਣ ਅਤੇ ਬੰਦ ਕਰਨ ਵਿੱਚ ਮਦਦ ਕਰਨਾ

ਜਾਣਕਾਰੀ ਅਧਿਕਾਰੀ / ਸਵਾਗਤ ਕਰਨ ਵਾਲਾ (Information Officer / Greeter)

- ਵੋਟਰਾਂ ਦੇ ਪਹੁੰਚਣ 'ਤੇ ਉਹਨਾਂ ਦਾ ਸਵਾਗਤ ਕਰਨਾ
- ਵੋਟਰਾਂ ਨੂੰ ਪੁੱਛਣਾ ਕਿ ਕੀ ਉਹਨਾਂ ਕੋਲ ਆਪਣਾ ਵੋਟਰ ਸੂਚਨਾ ਕਾਰਡ ਜਾਂ ਆਈ.ਡੀ. (ID) ਤਿਆਰ ਹੈ
- ਵੋਟਿੰਗ ਲੋਕੇਸ਼ਨ ਖੋਲ੍ਹਣ ਅਤੇ ਬੰਦ ਕਰਨ ਵਿੱਚ ਮਦਦ ਕਰਨਾ

ਨਿਗਰਾਨ ਡਿਪਟੀ ਰਿਟਰਨਿੰਗ ਅਫਸਰ (Supervising Deputy Returning Officer) (ਲਾਜ਼ਮੀ ਲੋਕੇਸ਼ਨ)

- ਕੇਅਰ ਫੈਸਿਲਿਟੀਜ ਅਤੇ ਨਿਰਧਾਰਤ ਲੋਕੇਸ਼ਨਾਂ 'ਤੇ ਵੋਟਿੰਗ ਦੀ ਸਹੂਲਤ ਪ੍ਰਦਾਨ ਕਰਨਾ
- ਵੋਟਰਾਂ ਦੀ ਪੁਸ਼ਟੀ ਕਰਨਾ ਅਤੇ ਬੈਲਟ ਜਾਰੀ ਕਰਨਾ
- ਵੋਟਰ ਅੱਪਡੇਟਾਂ ਦੀ ਪ੍ਰਕਿਰਿਆ ਕਰਨਾ ਅਤੇ ਸਹੀ ਰਿਕਾਰਡ ਬਣਾਈ ਰੱਖਣਾ
- ਸੈੱਟਅੱਪ, ਸਪਲਾਈਜ ਅਤੇ ਸਮਾਪਤੀ ਪ੍ਰਕਿਰਿਆਵਾਂ ਦਾ ਪ੍ਰਬੰਧਨ ਕਰਨਾ

## ਅਰਜ਼ੀ ਕਿਵੇਂ ਦੇਣੀ ਹੈ

ਜੇਕਰ ਤੁਸੀਂ 2026 ਦੀਆਂ ਮਿਉਨਿਸਿਪਲਟੀ ਚੋਣਾਂ ਵਿੱਚ ਕੰਮ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ 31 ਅਗਸਤ, 2026 ਤੱਕ ਔਨਲਾਈਨ (online) ਅਰਜ਼ੀ ਦਿਓ।

ਅਹੁਦਿਆਂ, ਟ੍ਰੇਨਿੰਗ ਅਤੇ ਤਨਖਾਹ ਬਾਰੇ ਵੇਰਵਿਆਂ ਲਈ, ਇਲੈਕਸ਼ਨ ਆਫਿਸ ਦੇ ਵੈੱਬਪੇਜ (Election office webpage) 'ਤੇ ਜਾਓ।

ਚੋਣਾਂ ਬਾਰੇ ਵਧੇਰੇ ਜਾਣਕਾਰੀ ਲਈ, mississauga.ca/elections 'ਤੇ ਜਾਓ।

## ਹਵਾਲਾ

"ਇੱਕ ਨਿਰਪੱਖ ਅਤੇ ਪਹੁੰਚਯੋਗ ਮਿਉਨਿਸਿਪਲਟੀ ਚੋਣਾਂ ਕਰਵਾਉਣ ਲਈ ਚੋਣ ਵਰਕਰ ਬਹੁਤ ਜ਼ਰੂਰੀ ਹਨ। ਉਹਨਾਂ ਦਾ ਕੰਮ ਵੋਟਰਾਂ ਦੀ ਸਹਾਇਤਾ ਕਰਦਾ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਲੋਕ ਇਸ ਪ੍ਰਕਿਰਿਆ ਵਿੱਚ ਭਰੋਸੇ ਅਤੇ

ਵਿਸ਼ਵਾਸ ਨਾਲ ਹਿੱਸਾ ਲੈ ਸਕਣ। ਅਸੀਂ ਉਹਨਾਂ ਦੀ ਵਚਨਬੱਧਤਾ ਦੀ ਸ਼ਲਾਘਾ ਕਰਦੇ ਹਾਂ, ਜੋ ਆਪਣੀ ਕਮਿਊਨਿਟੀ ਦੀ ਸੇਵਾ ਕਰਨ ਲਈ ਅੱਗੇ ਆਉਂਦੇ ਹਨ।"

— ਡਾਇਨਾ ਰਸਨੋਵ (Diana Rusnov), ਸਿਟੀ ਕਲਰਕ ਅਤੇ ਡਾਇਰੈਕਟਰ, ਲੈਜਿਸਲੇਟਿਵ ਸਰਵਿਸਿਜ

## ਡਿਜੀਟਲ ਸਮੱਗਰੀਆਂ ਅਤੇ ਡਾਊਨਲੋਡ ਕਰਨ ਯੋਗ ਚੀਜ਼ਾਂ




2026 ਦੀਆਂ ਮਿਊਨਿਸਿਪਲਟੀ ਚੋਣਾਂ ਦੀਆਂ ਸਮੱਗਰੀਆਂ ਡਾਊਨਲੋਡ ਕਰੋ (Download assets from 2026 Municipal Elections)